


# ਪੱਛਮੀ ਦੇਸ਼ਾਂ ਦਾ ਸਭ ਤੋਂ ਵੱਡਾ ਤਿਉਹਾਰ ਕ੍ਰਿਸਮਿਸ ਡੇ

ਕ੍ਰਿਸਮਿਸ ਈਸਾ ਮਸੀਹ ਦੇ ਜਨਮ ਦਿਨ ਦੀ ਖੁਸ਼ੀ ਵਿਚ 25 ਦਸੰਬਰ ਨੂੰ ਵਿਸ਼ਵ ਭਰ ਵਿਚ ਮਨਾਇਆ ਜਾਣ ਵਾਲਾ ਬਹੁਤ ਵੱਡਾ ਤਿਉਹਾਰ ਹੈ। ਇਸ ਦਿਨ ਸਾਰੇ ਵਿਸ਼ਵ ਭਰ ਵਿਚ ਛੁੱਟੀ ਹੁੰਦੀ ਹੈ।

ਈਸਾ ਮਸੀਹ ਇਕ ਮਹਾਨ ਵਿਅਕਤੀ ਸਨ ਅਤੇ ਉਨ੍ਹਾਂ ਨੇ ਸਮਾਜ ਨੂੰ ਪਿਆਰ ਅਤੇ ਇਨਸਾਨੀਅਤ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਦੁਨੀਆਂ ਦੇ ਲੋਕਾਂ ਨੂੰ ਪ੍ਰੇਮ ਅਤੇ ਭਾਈਚਾਰੇ ਦੇ ਨਾਲ ਰਹਿਣ ਦਾ ਸੰਦੇਸ਼ ਦਿੱਤਾ। ਇਨ੍ਹਾਂ ਨੂੰ ਈਸਾਈ ਧਰਮ ਵਿਚ ਈਸ਼ਵਰ ਦਾ ਇਕਲੌਤਾ ਪੁੱਤਰ ਮੰਨਿਆ ਜਾਂਦਾ ਹੈ। ਉਸ ਸਮੇਂ ਦੇ ਸ਼ਾਸਕਾਂ ਨੂੰ ਈਸਾ ਮਸੀਹ ਦਾ ਸੰਦੇਸ਼ ਪਸੰਦ ਨਹੀਂ ਸੀ। ਉਨ੍ਹਾਂ ਨੇ ਈਸਾ ਮਸੀਹ ਨੂੰ ਸੂਲੀ ਉੱਤੇ ਲਟਕਾ ਦਿੱਤਾ ਸੀ। ਪਰ ਇਸ ਤਰ੍ਹਾਂ ਦੀ ਮਾਨਤਾ ਹੈ ਕਿ ਉਹ ਫਿਰ ਜਿੰਦਾ ਹੋ ਗਏ ਸਨ।

ਕ੍ਰਿਸਮਿਸ ਦਾ ਤਿਉਹਾਰ ਪੱਛਮੀ ਦੇਸ਼ਾਂ ਵਿਚ ਈਸਾਈ ਭਾਈਚਾਰੇ ਵੱਲੋਂ ਹੀ ਨਹੀਂ ਬਲਕਿ ਵੱਖ-ਵੱਖ ਲੋਕਾਂ ਵੱਲੋਂ ਵੀ ਬਹੁਤ ਚਾਵਾਂ ਨਾਲ ਮਨਾਇਆ ਜਾਂਦਾ ਹੈ। ਦਸੰਬਰ ਮਹੀਨਾ ਸ਼ੁਰੂ ਹੁੰਦੇ ਸਾਰ ਹੀ ਲੋਕੀਂ ਘਰ, ਸ਼ੋਰੂਮ, ਪਲਾਜ਼ੇ ਆਦਿ ਦੀ ਸਜਾਵਟ ਸ਼ੁਰੂ ਕਰ ਦਿੰਦੇ ਹਨ। ਹਰ ਪਾਸੇ ਰੰਗੀਨ ਰੋਸ਼ਨੀਆਂ ਨਾਲ ਘਰ ਅਤੇ ਬਾਜ਼ਾਰ ਜਗਮਗਾ ਰਹੇ ਹੁੰਦੇ ਹਨ। ਇਹਨਾਂ ਦੇਸ਼ਾਂ ਵਿਚ ਕ੍ਰਿਸਮਿਸ ਦੇ ਤਿਉਹਾਰ ਦੀ ਖੁਸ਼ੀ ਕਾਰਨ ਸਾਰੇ ਦਸੰਬਰ ਮਹੀਨੇ ਵਿਚ ਬਹੁਤ ਵੱਡੀਆਂ-ਵੱਡੀਆਂ ਸੇਲਾਂ ਵੀ ਲਗਾਈਆਂ ਜਾਂਦੀਆਂ ਹਨ।






ਇਸ ਦਿਨ ਚਰਚ ਵਿਚ ਵਿਸ਼ੇਸ਼ ਪ੍ਰਾਥਨਾਵਾਂ ਹੁੰਦੀਆਂ ਹਨ। ਲੋਕ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਮਿਲਣ ਉਨ੍ਹਾਂ ਦੇ ਘਰ ਜਾਂਦੇ ਹਨ ਅਤੇ ਇਕ ਦੂਜੇ ਨੂੰ ਉਪਹਾਰ ਦਿੰਦੇ ਹਨ। ਇਸ ਦਿਨ ਘਰਾਂ ਵਿਚ ਕ੍ਰਿਸਮਿਸ ਟਰੀ (ਰੁੱਖ) ਲਗਾਇਆ ਜਾਂਦਾ ਹੈ। ਕਈ ਥਾਵਾਂ ਉੱਤੇ ਈਸਾ ਮਸੀਹ ਦੀ ਜਨਮ ਗਾਥਾ ਨੂੰ ਨਾਟਕ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ ਅਤੇ ਪ੍ਰਭੂ ਈਸਾ ਮਸੂਹ ਦੇ ਗੀਤਾਂ ਦੀ ਅੰਤਰਾਕਸ਼ੀ ਵੀ ਖੇਡੀ ਜਾਂਦੀ ਹੈ।

ਕ੍ਰਿਸਮਿਸ ਦੇ ਤਿਉਹਾਰ ਦੇ ਨਾਲ ਸਾਂਤਾਕਲਾਜ (ਜਿਸ ਨੂੰ ਕ੍ਰਿਸਮਿਸ ਦਾ ਪਿਤਾ ਵੀ ਕਿਹਾ ਜਾਂਦਾ ਹੈ) ਵੀ ਇਕ ਬਹੁਤ ਹੀ ਲੋਕਪ੍ਰਿਯ, ਪੁਰਾਣੀ ਪਰੰਤੂ ਕਾਲਪਨਿਕ ਸਖ਼ਸ਼ੀਅਤ ਹੈ। ਜਿਸ ਨੂੰ ਅਕਸਰ ਕ੍ਰਿਸਮਿਸ ਵਾਲੇ ਦਿਨ ਬੱਚਿਆਂ ਲਈ ਤੋਹਫੇ ਲੈ ਕੇ ਆਉਣ ਨਾਲ ਜੋੜਿਆ ਜਾਂਦਾ ਹੈ। ਇਸ ਦਿਨ ਛੋਟੇ ਬੱਚਿਆਂ ਦੀ ਸ਼ਾਤਾਂਕਲਾਜ ਨਾਲ ਫੋਟੋ ਖਿਚਵਾਈਆਂ ਜਾਂਦੀਆਂ ਹਨ ਅਤੇ ਸਵੇਰ ਸਮੇਂ ਬੱਚਿਆਂ ਨੂੰ ਗਿਫ਼ਟ ਜੋ ਕਿ ਅਸਲ ਵਿਚ ਮਾਂ ਬਾਪ ਵੱਲੋਂ ਦਿੱਤੇ ਜਾਂਦੇ ਹਨ ਦੱਸਿਆ ਜਾਂਦਾ ਹੈ ਕਿ ਸਾਂਤਾ ਇਹ ਗਿਫ਼ਟ ਦੇ ਕੇ ਗਿਆ ਹੈ।

ਪੱਛਮੀ ਦੇਸ਼ਾਂ ਵਿਚ ਕ੍ਰਿਸਮਿਸ ਤੋਂ ਅਗਲੇ ਦਿਨ 26 ਦਸੰਬਰ ਮਨਾਇਆ ਜਾਣ ਵਾਲਾ ਪ੍ਰਸਿੱਧ ਦਿਨ ਬਾਕਸਿੰਗ ਡੇਅ ਹੁੰਦਾ ਹੈ। ਕੁਝ ਕੈਥੋਲਿਕ ਦੇਸ਼ਾਂ ਵਿਚ ਇਸ ਨੂੰ ਸੇਂਟ ਸਟੀਫੇਂਸ ਡੇਅ ਜਾਂ ਫੀਸਟ ਆਫ਼ ਸੇਂਟ ਸਟੀਫੇਂਸ ਵੀ ਕਹਿੰਦੇ ਹਨ। ਇਸ ਤਰ੍ਹਾਂ ਇਹ ਤਿਉਹਾਰ ਸਾਰੇ ਸੰਸਾਰ ਵਿਚ ਬਹੁਤ ਹੀ ਹਰਸ਼ੋ ਉਲਾਸ ਨਾਲ ਮਨਾਇਆ ਜਾਂਦਾ ਹੈ।



# ਬਚਪਨ ਦੀਆਂ ਯਾਦਾਂ ਵਿਚ ਮੇਰੀ ਕ੍ਰਿਸਮਿਸ

ਬਾਕੀ ਮਾਂ-ਬਾਪ ਵਾਂਗ ਮੇਰੇ ਮਾਂ ਪਿਓ ਨੂੰ ਵੀ ਚਾਅ ਸੀ ਕਿ ਸਾਡਾ ਲੜਕਾ ਇੰਗਲਿਸ਼ ਸਕੂਲ ਵਿਚ ਪੜ੍ਹੇ। ਪਰ ਜਿੰਨਾਂ ਹਾਣੀਆਂ ਸੰਗ ਮੈਂ ਸਕਲੂ ਜਾਣ ਤੋਂ ਪਹਿਲਾਂ ਖੇਡਿਆ ਸਾਰੇ ਹੀ ਸਰਕਾਰੀ ਸਕੂਲ ਵਿਚ ਦਾਖਲ ਹੋ ਗਏ ਸਨ। ਪਰ ਮਾਂ ਪਿਓ ਦੇ ਅਰਮਾਨਾਂ ਕਰਕੇ ਮੈਨੂੰ ਇੰਗਲਿਸ਼ ਸਕੂਲ ਵਿਚ ਦਾਖਲ ਹੋਣਾ ਪਿਆ। ਪਰ ਦੋ-ਤਿੰਨ ਦਿਨਾਂ ਤੋਂ ਬਾਅਦ ਮੈਂ ਜਿੱਦ ਕਰਨੀ ਸ਼ੁਰੂ ਕਰ ਦਿੱਤੀ ਕਿ ਮੈਂ ਨਹੀਂ ਜਾਣਾ ਇਸ ਸਕੂਲ। ਫਿਰ ਮਾਂ ਬਾਪ ਤੋਂ ਰਿਹਾ ਨਹੀਂ ਗਿਆ ਕਹਿਣ ਲੱਗੇ ਕੋਈ ਗੱਲ ਨਹੀਂ ਜੀ ਇਸ ਨੂੰ ਵੀ ਦਰਜੀਆਂ ਦੇ ਮੁੰਡੇ ਨਾਲ ਮਿਸ਼ਨ ਸਕੂਲ ਵਿਚ ਹੀ ਲਾ ਦਿੰਦੇ ਹਾਂ। ਦਰਜੀਆਂ ਦਾ ਮੁੰਡਾ ਮੇਰਾ ਹਾਣੀ ਤੇ ਮੇਰਾ ਮਿੱਤਰ ਸੀ। ਸਭ ਤੋਂ ਵੱਡੀ ਗੱਲ ਉਹ ਮੇਰੀ ਗਲੀ ਵਿਚ ਹੀ ਰਹਿੰਦਾ ਸੀ।

ਬਸ ਫੇਰ ਕੀ ਸੀ ਸੇਵਾ ਤਾਂ ਟੀਚਰ ਉਥੇ ਵੀ ਸਾਡੀ ਬਹੁਤ ਕਰਦੇ ਹੁੰਦੇ ਸੀ ਪਰ ਹੌਲੀ-ਹੌਲੀ ਸਿਆਣਪ ਆਉਣ ਲੱਗੀ। ਅਸਲ ਵਿਚ ਇਹ ਸਕੂਲ ਈਸਾਈ ਧਰਮ ਨਾਲ ਸਬੰਧਤ ਸੀ। ਦੋ ਤਿੰਨ ਸਾਲਾਂ ਵਿਚ ਹੀ ਇਸ ਧਰਮ ਦੀ ਜਾਣਕਾਰੀ ਆਮ ਵਿਅਕਤੀ ਨਾਲੋਂ ਜ਼ਿਆਦਾ ਹੋ ਗਈ ਸੀ। ਹਰ ਸਾਲ ਕ੍ਰਿਸਮਿਸ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਸਾਰੀਆਂ ਕਲਾਸਾਂ ਨੂੰ ਸਜਾਇਆ ਜਾਂਦਾ। ਉਦੋਂ ਦਰਵਾਜ਼ੇ ਅਤੇ ਖਿੜਕੀਆਂ ਕੱਚ ਦੀਆਂ ਹੁੰਦੀਆਂ ਸਨ। ਉਨ੍ਹਾਂ ਉੱਤੇ ਵੱਖ-ਵੱਖ ਰੰਗਾਂ ਦੇ ਪੇਪਰ ਕਲਰ ਰੋਲ ਸ਼ੀਸ਼ਿਆਂ ਉੱਪਰ ਲਾਉਣੇ। ਫਿਰ ਪ੍ਰਿੰਸੀਪਲ ਮਿਸਟਰ ਖੋਖਰ ਨੇ ਸਟਾਫ਼ ਨਾਲ ਦੌਰਾ ਕਰਨਾ ਅਤੇ ਇਨਾਮ ਦੇਣੇ। ਇਹ ਇਨਾਮ ਸਾਨੂੰ ਕ੍ਰਿਸਮਿਸ ਵਾਲੇ ਦਿਨ ਸਕੂਲ ਸਟੇਜ਼ ਉੱਪਰ ਮਿਲਦੇ ਸਨ। ਸਾਰੇ ਸਕੂਲ ਵਿਚ ਆਪਣੀ ਟੌਹਰ ਬਣਾਉਣ ਲਈ ਕਲਾਸ ਨੂੰ ਜੀਅ-ਜਾਨ ਲਾ ਕੇ ਸਜਾਉਂਦੇ।

ਸਵੇਰੇ ਸਕੂਲ ਦਾ ਪਹਿਲਾ ਪੀਰੀਅਡ ਸ਼ੁਰੂ ਹੋਣ ਤੋਂ ਪਹਿਲਾਂ ਈਸਾਈ ਪ੍ਰਾਰਥਨਾ ਕੀਤੀ ਜਾਂਦੀ ਸੀ। ਰੋਜ਼ ਇਕ ਕਲਾਸ ਸਵੇਰੇ ਸਟੇਜ਼ ਉੱਪਰ ਈਸਾ ਮਸੀਹ ਨਾਲ ਸਬੰਧਤ ਸ਼ਬਦ ਗਾਉਂਦੀਆਂ ਸਨ। ਇਹ ਹਰ ਕਲਾਸ ਦੇ ਤਕਰੀਬਨ ਪੰਜ-ਛੇ ਵਿਦਿਆਰਥੀ ਹੁੰਦੇ ਸਨ। ਉਹ ਸਵੇਰੇ ਆਪਣੀ ਇੱਛਾ ਮੁਤਾਬਕ ਬੋਰਡ ਉੱਪਰ ਸ਼ਬਦ ਵਾਲਾ ਚਾਰਟ ਟੰਗਦੇ ਅਤੇ ਬਾਕੀ ਸਾਰੇ ਪਿੱਛੇ ਪਿੱਛੇ ਬੋਲਦੇ। ਉਦੋਂ ਜਦੋਂ ਸਾਡੀ ਵਾਰੀ ਆਉਂਦੀ ਤਾਂ ਅਸੀਂ ਪੂਰਾ ਜ਼ੋਰ ਲਾ-ਲਾ ਕੇ ਬੋਲਦੇ ਈਸਾ ਮਸੀਹ ਦੇ ਸ਼ਬਦਾਂ ਨੂੰ। ਸ਼ਾਇਦ ਉਹ ਵੇਲਾ ਮੈਨੂੰ ਤਾਂ ਹੀ ਬਹੁਤ ਚੰਗਾ ਲੱਗਦਾ ਉਦੋਂ ਅੱਜਕਲ੍ਹ ਦੀਆਂ ਜਾਤਾਂ ਦੀਆਂ ਵੰਡੀਆਂ ਦੀ ਸੋਝੀ ਨਹੀਂ ਸੀ। ਅਸੀਂ ਸਾਰੇ ਭਾਵੇਂ ਸਿੱਖ ਪਰਿਵਾਰਾਂ ਵਿਚੋਂ ਸੀ ਪਰ ਕਦੇ ਸੋਚਿਆ ਨਹੀਂ ਸੀ ਕਿ ਈਸਾਈ ਧਰਮ ਵੀ ਸਾਡਾ ਧਰਮ ਨਹੀਂ।




ਫਿਰ 24 ਦਸੰਬਰ ਨੂੰ ਈਸਾ ਮਸੀਹ ਦੇ ਜਨਮ ਦੀ ਖੁਸ਼ੀ ਵਿਚ ਡਰਾਮੇ ਖੇਡੇ ਜਾਂਦੇ ਸਨ। ਉਸ ਦੀ ਰਿਹਰਸਲ ਤਕਰੀਬਨ ਇਕ ਮਹੀਨਾ ਪਹਿਲਾਂ ਤੋਂ ਹੀ ਸ਼ੁਰੂ ਹੋ ਜਾਂਦੀ ਸੀ। ਮੈਨੂੰ ਬਹੁਤ ਵਾਰ ਗਡਰੀਏ ਦਾ ਪਾਤਰ ਮਿਲਦਾ ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਈਸਾ ਮਸੀਹ ਦੇ ਜਨਮ ਦਾ ਪਤਾ ਲੱਗਾ ਸੀ। ਮੇਰੀ ਮਾਂ ਨੇ ਮੈਨੂੰ ਚਾਅ ਨਾਲ ਆਪਣਾ ਖਾਸ ਸ਼ਾਲ ਦੇਣਾ ਜੋ ਮੈਂ ਉਸ ਦਿਨ ਡਰਾਮੇ ਵਿਚ ਉੱਤੇ ਲੈ ਕੇ ਗਡਰੀਏ ਦਾ ਪਾਤਰ ਕਰਦਾ ਹੁੰਦਾ ਸੀ। ਡਰਾਮਾ ਖਤਮ ਹੋਣ ਤੋਂ ਬਾਅਦ ਸਾਰੇ ਵਿਦਿਆਰਥੀਆਂ ਨੂੰ ਮੂੰਗਫਲੀ ਅਤੇ ਗੁੜ ਦੀਆਂ ਰਿਉੜੀਆਂ ਦੇਣੀਆਂ। ਉਸ ਦਿਨ ਤੋਂ ਛੁੱਟੀਆਂ ਸ਼ੁਰੂ ਹੋ ਜਾਂਦੀਆਂ ਸਨ ਅਤੇ ਅਸੀਂ ਫਿਰ ਨਵੇਂ ਸਾਲ ਦੀ ਦੋ ਤਰੀਕ ਨੂੰ ਵਾਪਿਸ ਸਕੂਲ ਆਉਂਦੇ।

ਮੇਰੇ ਬਹੁਤੇ ਗੁਆਂਢੀ ਵੀ ਈਸਾਈ ਧਰਮ ਨਾਲ ਸਬੰਧਤ ਹੋਣ ਕਰਕੇ ਅਗਲੇ ਦਿਨ 25 ਦਸੰਬਰ ਨੂੰ ਅਸੀਂ ਚਰਚ ਚਲੇ ਜਾਂਦੇ। ਕ੍ਰਿਸਮਿਸ ਵਾਲਾ ਦਿਨ ਜਿਸ ਨੂੰ ਸਾਰੇ ਅਸੀਂ ਵੱਡਾ ਦਿਨ ਵੀ ਕਹਿੰਦੇ ਸੀ ਸਾਨੂੰ ਉਸ ਦਿਨ ਕਿਸੇ ਵੱਡੇ ਮੇਲੇ ਤੋਂ ਘੱਟ ਨਾ ਲੱਗਦਾ। ਸ਼ਾਮ ਨੂੰ ਸਾਰਿਆਂ ਈਸਾਈ ਧਰਮ ਨਾਲ ਸਬੰਧਤ ਗੁਆਂਢੀਆਂ ਨੇ ਸਾਡੇ ਘਰ ਮੂੰਗਫਲੀ ਅਤੇ ਗੁੜ ਦੀਆਂ ਰਿਉੜੀਆਂ ਦੇ ਕੇ ਜਾਣੀਆਂ ਜੋ ਕਿ ਅਸੀਂ ਤਕਰੀਬਨ ਮਹੀਨਾ-ਡੇਢ ਮਹੀਨਾ ਬਾਅਦ ਤੱਕ ਵੀ ਖਾਂਦੇ ਰਹਿੰਦੇ।



24 ਦਸੰਬਰ ਦੀ ਰਾਤ ਸਾਰੀ ਇਹ ਭਾਈਚਾਰਾ ਜਾਗ ਕੇ ਅਤੇ ਉੱਚੀ-ਉੱਚੀ ਈਸਾ ਮਸੀਹ ਦੀਆਂ ਭੇਟਾ ਗਾਉਂਦਾ। ਅਸੀਂ ਇਹਨਾਂ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਲਈ ਸਾਰੀ-ਸਾਰੀ ਰਾਤ ਜਾਗਦੇ ਰਹਿੰਦੇ।

ਸੱਚਮੁੱਚ ਮੇਰੇ ਬਚਪਨ ਦੀ ਇਹ ਕ੍ਰਿਸਮਿਸ ਯਾਦ ਮੇਰਾ ਸਭ ਤੋਂ ਵੱਡਾ ਸਰਮਾਇਆ ਹੈ। ਸ਼ਾਲਾ ਪ੍ਰਮਾਤਮਾ ਫਿਰ ਇਸ ਤਰ੍ਹਾਂ ਦਾ ਸਮਾਂ ਦੁਬਾਰਾ ਲਿਆਵੇ ਜਦੋਂ ਅਸੀਂ ਇਹ ਜਾਤਾ-ਪਾਤਾ ਦੀਆਂ ਵੰਡੀਆਂ ਤੋਂ ਬਾਹਰ ਆ ਕੇ ਇਕ ਦੂਜੇ ਦੇ ਧਰਮ ਨੂੰ ਪਿਆਰ ਕਰੀਏ। ਕ੍ਰਿਸਮਿਸ ਦੀਆਂ ਸਭ ਜਗਤ ਨੂੰ ਕੋਟ-ਕੋਟ ਮੁਬਾਰਕਾਂ।

**ਭਜਨ ਸਿੰਘ ਬਾਂਹਬਾ**

**ਸੰਪਾਦਕ ਕੈਨੇਡਾ ਐਡੀਸ਼ਨ**